## ਰਜਿਸਟ੍ਰੇਸ਼ਨ ਸ਼ਾਖਾ

ਵਿਸ਼ਾ : ਕਪੈਸਟੀ ਇਨਹਾਂਨਸਮੈਂਟ ਪ੍ਰੋਗਰਾਮ ਲਈ ਅਕਾਦਮਿਕ ਸ਼ੈਸ਼ਨ 2025-26 ਦੌਰਾਨ ਪਾਤਰਤਾ ਫਾਰਮ (Eligibility form) ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਨਾਰਮਲ ਅਤੇ ਲੇਟ ਫੀਸ ਨਾਲ, ਮਿਤੀਆਂ ਨਿਰਧਾਰਤ ਕਰਨ ਬਾਰੇ।

ਜਿਹੜੇ ਵਿਦਿਆਰਥੀ ਆਪਣੀ ਲੋਅਰ ਕਲਾਸ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਪੰਜਾਬ ਟੈਕਨੀਕਲ ਯੂਨੀਵਰਸਿਟੀ (Distance/Lateral Entry Case only), ਪੰਜਾਬ ਸਟੇਟ ਟੈਕਨੀਕਲ ਬੋਰਡ, Autonomous ਕਾਲਜਾਂ ਅਤੇ ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਜ਼ ਤੋਂ ਪਾਸ ਕਰਨ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਭਾਗਾਂ, ਸਬੰਧਤ ਕਾਲਜਾਂ/ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਕਾਲਜਾਂ/ਸੰਸਥਾਵਾਂ, ODL mode ਅਧੀਨ ਵਿਭਾਗਾਂ ਵਿਚ ਦਾਖਲਾ ਲੈਂਦੇ ਹਨ, ਉਹਨਾਂ ਵਲੋਂ ਆਪਣੇ ਲੋਅਰ ਕਲਾਸ ਦੇ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਮੇਂ ਪਾਤਰਤਾ ਫਾਰਮ ਭਰਿਆ ਜਾਂਦਾ ਹੈ। ਇਹਨਾਂ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਨ ਵਾਸਤੇ ਵਿਭਾਗਾਂ/ਕਾਲਜਾਂ/ਸੰਸਥਾਵਾਂ ਵਲੋਂ ਪਾਤਰਤਾ ਫਾਰਮ ਦੇ ਨਾਲ ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਲਈ ਨਾਰਮਲ ਫੀਸ ਅਤੇ ਲੇਟ ਫੀਸ ਦੀਆਂ ਤਰੀਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਸਬੰਧੀ ਵਿਭਾਗਾਂ/ਕਾਲਜਾਂ/ ਸੰਸਥਾਵਾਂ ਨੂੰ ਇਕ ਸਰਕੂਲਰ ਜਾਰੀ ਕੀਤਾ ਜਾਂਦਾ ਹੈ। ਇਸ ਮੰਤਵ ਲਈ ਸਮੂਹ ਆਰਟਸ, ਸਾਇੰਸ ਸ਼ੋਸ਼ਲ ਸਾਇੰਸਜ਼ ਅਤੇ ਐਗਰੀਕਲਚਰ ਕਾਲਜਾਂ, ਯੂਨੀਵਰਸਿਟੀ ਕਾਲਜਾਂ, ਲਾਅ ਕਾਲਜਾਂ ਅਤੇ ਵੱਖ-ਵੱਖ ਕਾਂਸਟੀਚਿਊਟ ਕਾਲਜਾਂ ਲਈ **Under Graduate /Post Graduate** ਪਹਿਲੇ ਸਮੈਸਟਰ ਲਈ ਪਾਤਰਤਾ ਫਾਰਮ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾਂ ਕਰਵਾਉਣ ਵਾਸਤੇ ਹੇਠ ਲਿਖੇ ਅਨੁਸਾਰ ਸ਼ਡਿਊਲ ਤਜਵੀਜ਼ ਕੀਤਾ ਜਾਂਦਾ ਹੈ:-

**ਸਮੈਸਟਰ ਪ੍ਰਨਾਲੀ ਅਧੀਨ ਚਲ ਰਹੇ ਕੋਰਸਾਂ ਲਈ ਪਾਤਰਤਾ ਸ਼ਡਿਊਲ:**

**(i)** ਕਪੈਸਟੀ ਇਨਹਾਂਨਸਮੈਂਟ ਪ੍ਰੋਗਰਾਮ ਅਧੀਨ ਆਉਂਦੇ ਕਾਲਜਾਂ ਵਲੋਂ **UG/PG** ਕਲਾਸਾਂ ਲਈ ਪਾਤਰਤਾ ਫਾਰਮ **(Eligibility form)** ਜਮ੍ਹਾਂ ਕਰਵਾਉਣ ਲਈ ਸ਼ਡਿਊਲ

| | | | | |
|---|---|---|---|---|
| ਬਿਨਾਂ ਲੇਟ ਫੀਸ | **26-09-2025** | ਤੱਕ | | |
| 500/-ਰੁ: ਲੇਟ ਫੀਸ ਨਾਲ* | **27-09-2025** | ਤੋ | **10-10-2025** | ਤੱਕ |
| 1000/-ਰੁ: ਲੇਟ ਫੀਸ ਨਾਲ* | **11-10-2025** | ਤੋ | **24-10-2025** | ਤੱਕ |
| 2000/-ਰੁ: ਲੇਟ ਫੀਸ ਨਾਲ* | **25-10-2025** | ਤੋ | **06-11-2025** | ਤੱਕ |
| 3000/-ਰੁ: ਲੇਟ ਫੀਸ ਨਾਲ* | **07-11-2025** | ਤੋ | **18-11-2025** | ਤੱਕ |
| 3000/-ਰੁ: ਲੇਟ ਫੀਸ *+ 500/- ਰੁ: ਪ੍ਰਤੀ ਮਹੀਨਾ (ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **19-11-2025** | ਤੋ **onwards** | | |

*** (with GST fee if applicable)**

(ii) ਮਾਈਗ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਦੀਆਂ ਮਿਤੀਆਂ :

| | |
|---|---|
| ਬਿਨਾਂ ਲੇਟ ਫੀਸ | ਦਾਖਲਾ ਮਿਤੀ ਤੋ ਇਕ ਮਹੀਨੇ ਤੱਕ, ਇਕ ਮਹੀਨੇ ਤੋ ਬਾਅਦ ਮਾਈਗ੍ਰੇਸ਼ਨ ਸਰਟੀਫਿਕੇਟ, ਸਿੰਡੀਕੇਟ ਦੀ ਇੱਕਤਰਤਾ ਮਿਤੀ 28-11-2019 ਦੇ ਮੱਦ ਨੰਬਰ 1.1(2) ਦੇ ਫੈਸਲੇ ਮੁਤਾਬਕ ਨਿਰਧਾਰਤ ਕੀਤੀ ਗਈ ਲੇਟ ਫੀਸ ਨਾਲ ਪ੍ਰਵਾਨ ਕੀਤਾ ਜਾਵੇਗਾ। |